ਸਰਕਾਰੀ ਆਯੂਰਵੈਦਿਕ ਕਾਲਜ, ਪਟਿਆਲਾ

ਨਿਲਾਮੀ ਨੋਟਿਸ ਸਬੰਧੀ ਸ਼ਰਤਾਂ

1. ਇਸ ਸੰਸਥਾ ਵਿਖੇ ਪਏ ਕੰਡਮ ਸਮਾਨ ਜਿਵੇਂ ਕਿ ਲੋਹਾ, ਲੱਕੜ ਅਤੇ ਬਿਜਲੀ ਦੇ ਸਮਾਨ ਦੀ ਔਕਸ਼ਨ ਸਬੰਧੀ ਬੋਲੀ ਮਿਤੀ 13-10-2026 ਦਿਨ ਮੰਗਲਵਾਰ ਨੂੰ ਸਵੇਰੇ 11 ਵੱਜੇ ਸਰਕਾਰੀ ਆਯੂਰਵੈਦਿਕ ਫਾਰਮੇਸੀ ਅਤੇ ਸਟੋਰਜ, ਪਟਿਆਲਾ ਵਿਖੇ ਕੀਤੀ ਜਾਵੇਗੀ।
2. ਬੋਲੀਕਾਰ (ਠੇਕੇਦਾਰ) ਨੂੰ ਬੋਲੀ ਵਿੱਚ ਹਿੱਸਾ ਲੈਣ ਤੋਂ ਪਹਿਲਾਂ 10,000/- ਰੁਪਏ ਐਡਵਾਂਸ ਬਤੌਰ ਸਕਿਊਰਟੀ ਦਫਤਰ ਦੇ ਕੈਸ਼ੀਅਰ ਕੋਲ ਜਮ੍ਹਾਂ ਕਰਵਾਉਣੇ ਹੋਣਗੇ ਅਤੇ ਰਸੀਦ ਦੀ ਕਾਪੀ ਬੋਲੀ ਸਮੇਂ ਪੇਸ਼ ਕਰਨੀ ਲਾਜਮੀ ਹੋਵੇਗੀ। ਇਹ ਜਮ੍ਹਾਂ ਕਰਵਾਈ ਗਈ ਰਕਮ ਬੋਲੀ ਵਿੱਚ ਸਫਲ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਬੋਲੀਕਾਰ (ਠੇਕੇਦਾਰ) ਨੂੰ ਵਾਪਿਸ ਕਰ ਦਿੱਤੇ ਜਾਣਗੇ।
3. ਜਿਸ ਬੋਲੀਕਾਰ (ਠੇਕੇਦਾਰ) ਦੀ ਬੋਲੀ ਮੰਜੂਰ ਹੋਵੇਗੀ, ਉਸਨੂੰ ਬੋਲੀ ਉਪਰੰਤ 10,000/- ਰੁਪਏ ਹੋਰ ਦਫਤਰ ਦੇ ਕੈਸ਼ੀਅਰ ਕੋਲ ਮੋਕੇ ਤੇ ਹੀ ਜਮ੍ਹਾਂ ਕਰਵਾਉਣੇ ਹੋਣਗੇ, ਜਿਸ ਉਪਰੰਤ ਬਾਕੀ ਰਹਿੰਦੀ ਰਕਮ ਤਿੰਨ ਦਿਨਾਂ ਦੇ ਅੰਦਰ-ਅੰਦਰ ਸਮਾਨ ਦਾ ਵਜਨ ਕਰਨ ਉਪਰੰਤ ਅਤੇ ਸਮਾਨ ਚੁੱਕਣ ਤੋਂ ਪਹਿਲਾਂ ਦਫਤਰ ਦੇ ਕੈਸ਼ੀਅਰ ਪਾਸ ਜਮ੍ਹਾਂ ਕਰਵਾਉਣ ਦੇ ਪਾਬੰਦ ਰਹਿਣਗੇ।
4. ਇਸ ਬੋਲੀ ਵਿੱਚ ਉਹ ਬੋਲੀਕਾਰ (ਠੇਕੇਦਾਰ) ਹੀ ਭਾਗ ਲੈ ਸਕਦਾ ਹੈ ਜਿਸ ਕੋਲ ਭਾਰ ਤੋਲਣ ਵਾਲੀ ਮਸ਼ੀਨ ਉਪਲੱਬਧ ਹੋਵੇਗੀ ਅਤੇ ਇਸ ਸਬੰਧੀ ਉਸ ਵੱਲੋ ਮਸ਼ੀਨ ਸਬੰਧੀ ਸਬੂਤ ਪੇਸ਼ ਹੋਏ ਅੰਡਰਟੇਕਿੰਗ ਵੀ ਦਫਤਰ ਵਿਖੇ ਜਮ੍ਹਾਂ ਕਰਵਾਉਣੀ ਪਵੇਗੀ।
5. ਇਹ ਲੋਹਾ ਬੋਲੀਕਾਰ ਵੱਲੋ ਭਾਰ ਤੋਲਣ ਵਾਲੀ ਮਸ਼ੀਨ ਜਾਂ ਧਰਮਕੰਡੇ ਰਾਂਹੀ ਭਾਰ ਤੋਲਣ ਲਈ ਪਾਬੰਦ ਹੋਵੇਗੀ।
6. ਇਸ ਤਰਾਂ ਹੀ ਸਫਲ ਬੋਲੀਕਾਰ (ਠੇਕੇਦਾਰ) ਵੱਲੋ ਬੋਲੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਕਾਰਨ ਉਸ ਤੋਂ ਬਾਅਦ ਵਾਲੇ ਬੋਲੀਕਾਰ (ਠੇਕੇਦਾਰ) ਵੱਲੋ ਦਿੱਤੀ ਗਈ ਬੋਲੀ ਮੰਜੂਰ ਕਰਨ ਦਾ ਇਸ ਦਫਤਰ ਪਾਸ ਪੂਰਾ ਹੱਕ ਹੋਵੇਗਾ।
7. ਇਸ ਤੋਂ ਇਲਾਵਾ ਇਸ ਦਫਤਰ ਪਾਸ ਇਹ ਹੱਕ ਰਾਖਵਾਂ ਕਿ ਉਹ ਕਿਸੇ ਵੀ ਸਮੇਂ ਇਹ ਬੋਲੀ ਬਿਨਾਂ ਕਿਸੇ ਪਰੂਵ ਨੋਟਿਸ/ਕਾਰਨ ਦੱਸੇ ਰੱਦ ਕਰ ਸਕਦਾ ਹੈ।
8. ਬੋਲੀਕਾਰ (ਠੇਕੇਦਾਰ) ਦੇ ਬੋਲੀ ਜਿੱਤਣ ਉਪਰੰਤ ਤਿੰਨ ਦਿਨਾਂ ਦੇ ਅੰਦਰ-ਅੰਦਰ ਇਹ ਸਮਾਨ ਚਕਵਾਉਣਾ ਲਾਜਮੀ ਹੋਵੇਗਾ। ਜੇਕਰ ਬੋਲੀਕਾਰ (ਠੇਕੇਦਾਰ) ਤਿੰਨ ਦਿਨਾਂ ਵਿੱਚ ਇਹ ਸਮਾਨ ਚੱਕਣ ਵਿੱਚ ਅਸਮਰਥ ਹੁੰਦਾ ਹੈ ਤਾਂ 1000 ਪ੍ਰਤੀ ਦਿਨ ਦਾ ਜੁਰਮਾਨਾ ਲਿਆ ਜਾਵੇਗਾ।

ਪ੍ਰਿੰਸੀਪਲ

ਸਰਕਾਰੀ ਆਯੂਰਵੈਦਿਕ, ਕਾਲਜ

ਪਟਿਆਲਾ।